# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
## (ਰੈਗੂਲੇਸ਼ਨ ਭਾਗ ਪਟਿਆਲਾ)

ਸਰਕੂਲਰ ਨੰ: 9 /2013

ਵੱਲ

1. ਸਾਰੇ ਇੰਜ: ਇਨ:ਚੀਫ/ਜਨਰਲ ਮੈਨੇਜਰ/ਵਿੱਤ, ਡੀ.ਜੀ ਪੀ ਵੀ.ਤੇ.ਐਸ ਪੀ.ਐਸ.ਪੀ.ਸੀ.ਐਲ/ ਪੀ.ਐਸ.ਟੀ.ਸੀ.ਐਲ।
2. ਸਾਰੇ ਮੁੱਖ ਇੰਜ:/ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ /ਬੀ.ਬੀਐਮ.ਬੀ ਸਮੇਤ ਮੁੱਖ/ਪ੍ਰਬੰਧਕੀ।
3. ਸਾਰੇ ਮੁੱਖ ਲੇਖਾ ਅਫਸਰ/ਮੁੱਖ ਆਡੀਟਰ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ।
4. ਓ.ਐਸ.ਡੀ. ਟੂ ਸੀ.ਐਮ.ਡੀ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਪਟਿਆਲਾ।
5. ਐਸ.ਈ (ਟੀ) ਟੂ ਡਾਇਰੈਕਟਰਜ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਪਟਿਆਲਾ।
6. ਸਾਰੇ ਨਿਗ:ਇੰਜ:/ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ, ਪਟਿਆਲਾ।,( ਵਧੀਕ ਨਿਗਰਾਨ: ਇੰਜੀ: ਕੋਆਰਡੀਨੇਸ਼ਨ ਨਵੀ ਦਿੱਲੀ)।
7. ਮੁੱਖ ਖਰੀਦ ਅਫਸਰ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਪਟਿਆਲਾ।
8. ਲੇਖਾ ਅਤੇ ਵਿੱਤ ਮੈਨੇਜਰ,ਜੀ.ਐਨ.ਡੀ.ਟੀ.ਪੀ ਬਠਿੰਡਾ ਪੀ.ਐਸ.ਪੀ.ਸੀ.ਐਲ.
9. ਨਿਗ:ਇੰਜ:/ਆਈ.ਟੀ.,ਪੀ.ਐਸ.ਪੀ.ਸੀ.ਐਲ, ਪਟਿਆਲਾ।
10. ਸਕੱਤਰ/ਓਮਬਡਸਮੈਨ, 66 ਕੇ.ਵੀ. ਗਰਿਡ ਸ/ਸ, ਪਲਾਟ ਨੰ: ਏ-2, ਇੰਡਸਟ੍ਰੀਅਲ ਏਰੀਆ ਫੇਜ-1 ਮੋਹਾਲੀ।

ਮੀਮੋ ਨੰ: 10813/11263 / ਆਰ.ਈ.ਜੀ.-418
ਮਿਤੀ: 26 /12/2013

ਵਿਸ਼ਾ: **ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 76/52/79ਸੀ-1(5)/5024 ਮਿਤੀ 11 ਜੁਲਾਈ 2011 ਦੀ ਪਾਲਣਾ ਲਈ ਹਦਾਇਤਾਂ ਜਾਰੀ ਕਰਨ ਬਾਰੇ।**

ਪੰਜਾਬ ਸਰਕਾਰ ਸਹਿਕਾਰਤਾ ਵਿਭਾਗ (ਸਹਿਕਾਰਤਾ-1 ਸ਼ਾਖਾ) ਦੀ ਨੋਟੀਫਿਕੇਸ਼ਨ ਨੰ: 76/ 52/79-ਸੀ.1(5)/5024 ਮਿਤੀ 11 ਜੁਲਾਈ 2011 ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਨੇ ਪੰਜਾਬ ਸਰਕਾਰ ਦੀ ਉਕਤ ਨੋਟੀਫਿਕੇਸ਼ਨ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਵਿੱਚ ਇੰਨ ਬਿੰਨ ਪਾਲਣਾ ਕਰਨ ਲਈ ਅਪਣਾ ਲਿਆ ਹੈ।

ਨੱਥੀ/ਉਪਰੋਕਤ ਅਨੁਸਾਰ ।

ਉਪ ਸਕੱਤਰ/ਪੀ.ਤੇ ਆਰ,
ਪੀ.ਐਸ.ਪੀ.ਸੀ.ਐਲ, ਪਟਿਆਲਾ।

ਪਿੱਠ ਅੰਕਣ ਨੰ: 11264/12063 /ਆਰ.ਈ.ਜੀ.-418 ਮਿਤੀ: 26 /12 /2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸਮੇਤ ਸਹਿੱਲਗ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮੈਬਰ ਪਾਵਰ ਬੀ.ਬੀ ਐਮ ਬੀ.ਸੈਕਟਰ-19 ਚੰਡੀਗੜ੍ਹ।
2. ਸਕੱਤਰ ਬੀ.ਬੀ.ਐਮ ਬੀ.ਸੈਕਟਰ-19 ਚੰਡੀਗੜ੍ਹ।
3. ਨਿਗ:ਇੰਜ:ਇਲੈਕਟ੍ਰੀਕਲ ਯੂਨੀਅਨਟੇਰੇਟਰੀ ਚੰਡੀਗੜ੍ਹ।

ਪਰਤੋ ਜੀ

4. ਸਾਰੇ ਉਪ ਮੁੱਖ ਲੇਖਾ ਅਸਫਰ/ਉਪ ਵਿੱਤ ਸਲਾਹਕਾਰ/ਉਪ ਮੁੱਖ ਆਡੀਟਰ ਸਮੇਤ ਰੋਪੜ ਥਰਮਲ,ਲਹਿਰਾ ਮਹੱਬਤ ਥਰਮਲ ਅਤੇ ਬਠਿੰਡਾ ਥਰਮਲ ਪ੍ਰੋਜ਼ੈਕਟ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ।
5. ਸਾਰੇ ਕਾ:ਕਾ:ਇੰਜ:/ਰੈਜੀਡਟ ਇੰਜ: /ਖਰੀਦ ਅਫਸਰ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ।
6. ਸਾਰੇ ਸੀਨੀ:ਲੇਖਾ ਅਫਸਰ/ਲੇਖਾ ਅਫਸਰ ਬਿਆਸ ਪ੍ਰੋਜ਼ੈਕਟ,ਬੀ.ਬੀ ਐਮ.ਬੀ. ਅਤੇ ਹਾਈਡਲ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ।
7. ਰੈਜੀਡੈਟ ਆਡਿਟ ਅਫਸਰ,ਪਟਿਆਲਾ ਪੀ.ਐਸ.ਪੀ.ਸੀ.ਐਲ
8. ਉਪ ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਬੀ.ਬੀ.ਐਮ.ਬੀ. ਨੰਗਲ।
9. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਬਿਆਸ ਪ੍ਰੋਜ਼ੈਕਟ ਤਲਵਾੜਾ ਟਾਊਨਸ਼ਿਪ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ।
10. ਉਪ ਸਕੱਤਰ ਟੂ ਸੀ.ਐਮ.ਡੀ,ਸੀਨੀ:ਨਿੱਜੀ ਸਕੱਤਰ ਟੂ ਡਾਇਰੈਕਟਰਜ, ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਪਟਿਆਲਾ
11. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਸਾਰੇ ਭਾਗਾਂ ਦੇ ਮੁੱਖੀ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ਪਟਿਆਲਾ।
12. ਕੰਪਨੀ ਸਕੱਤਰ, ਪੀ.ਐਸ.ਪੀ.ਸੀ.ਐਲ, ਪਟਿਆਲਾ।
13. ਨਿਗਰਾਨ ਇੰਜੀ:/ਆਈ.ਟੀ., ਪੀ.ਐਸ.ਪੀ.ਸੀ.ਐਲ, ਪਟਿਆਲਾ ਜੀ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ ਤੇ ਰੈਗੂਲੇਸ਼ਨ ਭਾਗ ਦੇ ਸਰਕੂਲਰਜ਼ ਵਿੱਚ ਪਾਉਣ ਹਿੱਤ।

ਹ. ਧੀਮਾਨ
ਸੁਪਰਡੈਂਟ/ਰੈਗੂ:ਤੇ ਕੇਂਦਰੀ ਰਿਕਾਰਡ,
ਪੀ.ਐਸ.ਪੀ.ਸੀ.ਐਲ, ਪਟਿਆਲਾ।

[Extract from the Punjab Govt. Gaz., dated the 26th August, 2011]

## ਪੰਜਾਬ ਸਰਕਾਰ

### ਸਹਿਕਾਰਤਾ ਵਿਭਾਗ

(ਸਹਿਕਾਰਤਾ-1 ਸ਼ਾਖਾ)

### ਨੋਟੀਫਿਕੇਸ਼ਨ

ਮਿਤੀ 11 ਜੁਲਾਈ, 2011

ਨੰਬਰ 76/52/79-ਸੀ.1(5)/5024.—ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 76/52/79-ਸੀ.1(5)/7278, ਮਿਤੀ 13 ਅਗਸਤ, 2009 ਦੀ ਨਿਰੰਤਰਤਾ ਵਿੱਚ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਰਾਜ ਵਿੱਚ ਹੇਠ ਲਿਖੀਆਂ ਰਿਆਇਤਾਂ ਵਿੱਚ ਮਿਤੀ 14 ਅਗਸਤ, 2014 ਤੱਕ ਵਾਧਾ ਕਰਦੇ ਹਨ :—

1. ਕਿਸੇ ਵੀ ਕੀਮਤ ਤੱਕ ਦੇ ਸਾਰੇ ਅਨ-ਸਕਿੱਲਡ ਕੰਮ ਅਤੇ 30.00 ਲੱਖ ਰੁ: ਦੀ ਕੀਮਤ ਤੱਕ ਦੇ ਸਾਰੇ ਸਕਿੱਲਡ ਕੰਮ ਪੀ. ਡਬਲਯੂ. ਡੀ. ਦੀ ਹਰ ਬ੍ਰਾਂਚ ਦੇ ਸਬੰਧਤ ਨਿਗਰਾਨ ਇੰਜੀਨਿਅਰ ਵੱਲੋਂ ਨਿਸ਼ਚਿਤ ਸੀਲਿੰਗ ਰੇਟਾਂ ਨਾਲ ਟੈਂਡਰਾਂ ਦੁਆਰਾ ਇਨ੍ਹਾਂ ਸਭਾਵਾਂ ਨੂੰ ਹੀ ਦਿੱਤਾ ਜਾਵੇ ਅਤੇ ਜਿੰਨ੍ਹੀ ਸਮਰੱਥਾ ਤੱਕ ਇਹ ਸਭਾਵਾਂ ਕੰਮ ਕਰ ਸਕਦੀਆਂ ਹੋਣ, ਉਸ ਸਮਰੱਥਾ ਤੱਕ ਦਿੱਤਾ ਜਾਵੇ । ਜੇ ਇਹ ਸਭਾਵਾਂ ਟੈਂਡਰ ਨਾ ਦੇ ਸਕਣ ਜਾਂ ਨਿਸ਼ਚਿਤ ਕੀਤੇ ਸੀਲਿੰਗ ਰੇਟਾਂ ਦੇ ਅੰਦਰ-ਅੰਦਰ ਕੰਮ ਨੂੰ ਸਵੀਕਾਰ ਨਾ ਕਰਨ ਤਾਂ ਅਜਿਹਾ ਕੰਮ ਠੇਕੇਦਾਰਾਂ ਅਤੇ ਸਭਾਵਾਂ ਦੋਨਾਂ ਤੋਂ ਖੁਲ੍ਹੇ ਟੈਂਡਰ ਮੰਗ ਕੇ ਕਰਵਾਇਆ ਜਾਵੇ । 30.00 ਲੱਖ ਰੁ: ਤੱਕ ਦੇ ਪੱਕੇ ਕੰਮਾਂ ਦੇ ਜੋ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਕਾਲ ਕੀਤੇ ਜਾਣਗੇ, ਉਨ੍ਹਾਂ ਟੈਂਡਰਾਂ ਵਿੱਚ ਸਿਰਫ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਵਿੱਚ ਹੀ ਮੁਕਾਬਲਾ ਕਰਵਾਇਆ ਜਾਵੇਗਾ।

2. ਜੇ ਇੱਕ ਕੰਮ ਲਈ ਇੱਕ ਨਾਲੋਂ ਵੱਧ ਕਿਰਤ ਤੇ ਉਸਾਰੀ ਸਭਾਵਾਂ ਨੇ ਟੈਂਡਰ ਪਾਏ ਹੋਣ, ਤਾਂ ਪ੍ਰਵਾਨ ਹੋਇਆ ਸਭ ਤੋਂ ਘੱਟ ਰੇਟ ਦੀਆਂ ਦੂਜੀਆਂ ਸਭਾਵਾਂ ਦੀ ਸਮਰੱਥਾ ਤੱਕ ਉਹ ਕੰਮ ਕਰਵਾਉਂਣ ਲਈ ਉਨ੍ਹਾਂ ਤੇ ਵੀ ਲਾਗੂ ਕੀਤਾ ਜਾਵੇਗਾ ਜੋ ਕੰਮ ਬਚੇਗਾ, ਉਹ ਠੇਕੇਦਾਰਾਂ ਅਤੇ ਸਭਾਵਾਂ ਤੋਂ ਖੁਲ੍ਹੇ ਟੈਂਡਰ ਲੈ ਕੇ ਕਰਵਾਇਆ ਜਾਵੇਗਾ।

3. ਕਿਸੇ ਖਾਸ ਸਰਕਲ ਵਿੱਚ ਜਿੱਥੇ ਸੀਲਿੰਗ ਰੇਟ ਅਜੇ ਨਿਸ਼ਚਿਤ ਨਾ ਹੋਏ ਹੋਣ ਤਾਂ ਉਥੇ ਸੀਲਿੰਗ ਰੇਟ ਨਿਸ਼ਚਿਤ ਹੋਣ ਤੱਕ ਇਨ੍ਹਾਂ ਸਭਾਵਾਂ ਨੂੰ ਕੰਮ ਦੇਣ ਵੇਲੇ ਪਹਿਲਾਂ ਵਾਂਗ ਹੀ ਜਾਰੀ ਰੱਖਿਆ ਜਾਵੇਗਾ ।

4. 5.00 ਲੱਖ ਰੁ: ਦੇ ਪੱਕੇ ਕੰਮਾਂ ਲਈ ਬਿਆਨਾ ਰਕਮ ਤੋਂ ਸਭਾਵਾਂ ਨੂੰ ਛੋਟ ਦਿੱਤੀ ਜਾਂਦੀ ਹੈ, ਜੋ ਪੱਕੇ ਕੰਮ 10,00,000 ਰੁ: ਕੀਮਤ ਦੇ ਹੋਣਗੇ ਉਨ੍ਹਾਂ ਲਈ ਸਭਾ ਤੋਂ ਬਿਆਨਾ ਰਕਮ ਲੋਕ ਨਿਰਮਾਣ ਵਿਭਾਗ ਦੇ ਠੇਕੇਦਾਰਾਂ ਲਈ ਨਿਰਧਾਰਿਤ ਬਿਆਨਾ ਰਕਮ ਦਾ 25% ਲਿਆ ਜਾਵੇਗਾ ਅਤੇ ਜੋ ਪੱਕੇ ਕੰਮ 10.00 ਲੱਖ ਰੁ: ਤੋਂ ਵੱਧ ਕੀਮਤ ਦੇ ਹੋਣਗੇ, ਸਭਾਵਾਂ ਬਿਆਨਾ ਰਕਮ ਲੋਕ ਨਿਰਮਾਣ ਵਿਭਾਗ ਦੇ ਠੇਕੇਦਾਰਾਂ ਲਈ ਨਿਰਧਾਰਿਤ ਬਿਆਨਾ ਰਕਮ ਦਾ 50% ਬਿਨਾਂ ਕਿਸੇ ਬੈਂਕ ਗਰੰਟੀ ਅਤੇ ਸਕਿਉਰਟੀ ਡਿਪਾਜਟ ਦੇ ਅਦਾ ਕਰਨਗੀਆਂ ।

5. ਜਦੋਂ ਸਕਿੱਲਡ ਕੰਮ ਅਤੇ ਅਨ-ਸਕਿੱਲਡ ਕੰਮ ਮਿਲਵਾਂ ਹੋਵੇ, ਤਾਂ ਉਸ ਦਾ ਟੈਂਡਰ ਵੱਖ-ਵੱਖ ਲਗਾਉਂਣ ਦੀ ਜਗ੍ਹਾ ਇੱਕਠਾ ਹੀ ਲਗਾਇਆ ਜਾਵੇਗਾ ।

6. ਕਿਰਤ ਸਭਾਵਾਂ ਵੱਲੋਂ ਕੀਤੇ ਕੰਮਾਂ ਦੀ ਅਦਾਇਗੀ ਹਰ ਪੰਦਰਵਾੜੇ ਕੀਤੀ ਜਾਵੇ ।

7. ਕਿਰਤ ਤੇ ਉਸਾਰੀ ਸਭਾਵਾਂ ਨੂੰ ਕਿਸੇ ਵੀ ਪ੍ਰਕਾਰ ਦੀ ਲਾਇਸੈਂਸ ਫੀਸ ਤੋਂ ਛੋਟ ਦਿਤੀ ਗਈ ਹੈ।

8. ਕਿਰਤ ਤੇ ਉਸਾਰੀ ਸਭਾਵਾਂ ਨੂੰ ਮੰਨਜੂਰ ਕੀਤੀਆਂ ਰਿਆਇਤਾਂ ਅਰਧ ਸਰਕਾਰੀ, ਲੋਕਲ ਗੌਰਮਿੰਟ, ਪਬਲਿਕ ਸੈਕਟਰ ਦੀਆਂ ਕਾਰਪੋਰੇਸ਼ਨਾਂ, ਪੰਜਾਬ ਰਾਜ ਬਿਜਲੀ ਬੋਰਡ, ਕੈਨਾਲ ਲਾਇਨਿੰਗ ਵਰਕਸ, ਸਤਲੁੱਜ ਯਮਨਾ ਲਿੰਕ ਕੈਨਾਲ, ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ, ਪੰਜਾਬ ਸਟੇਟ ਪੁਲਿਸ ਹਾਊਸਿੰਗ

ਕਾਰਪੋਰੇਸ਼ਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.), ਪਨਸਪ, ਪੰਜਾਬ ਐਗਰੋ, ਫੂਡ ਅਤੇ ਸਿਵਲ ਸਪਲਾਈ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਅਤੇ ਵਰਲਡ ਬੈਂਕ ਨਾਲ ਸਬੰਧਤ ਪ੍ਰੋਜੈਕਟ ਆਦਿ ਨਾਲ ਸਬੰਧਤ ਕੰਮਾਂ ਤੇ ਵੀ ਲਾਗੂ ਹੋਣਗੀਆਂ ਅਤੇ ਇਨ੍ਹਾਂ ਸਭਾਵਾਂ ਨੂੰ ਕੰਮ ਪਹਿਲ ਦੇ ਆਧਾਰ ਤੇ ਦਿੱਤੇ ਜਾਣਗੇ ।

੭. ਕਿਸੇ ਵੀ ਕੰਮ ਅਲਾਟ ਕਰਨ ਵਾਲੀ ਏਜੰਸੀ ਵੱਲੋਂ ਜਾਰੀ ਕੀਤੇ ਟੈਂਡਰ ਨੋਟਿਸਾਂ ਦੀਆਂ ਕਾਪੀਆਂ ਜ਼ਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸੰਘ ਅਤੇ ਸਬੰਧਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਵੀ ਉਨ੍ਹਾਂ ਦੀ ਸੂਚਨਾਂ ਲਈ ਭੇਜੀਆਂ ਜਾਣਗੀਆਂ ।

10 ਕੰਮ ਦੇਣ ਵਾਲੀਆਂ ਏਜੰਸੀਆਂ ਵੱਲੋਂ ਮਸ਼ੀਨਰੀ ਤੇ ਹੋਰ ਸਾਜ਼ ਸਮਾਨ ਕਿਰਾਏ ਤੇ ਦੇਣ ਵੇਲੇ ਕਿਰਤ ਤੇ ਉਸਾਰੀ ਸਭਾਵਾਂ ਨੂੰ ਦੂਜੀਆਂ ਪ੍ਰਾਈਵੇਟ ਏਜੰਸੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਵੇਗੀ ।

11. ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸਿਰਫ ਮੁੱਖ ਵਿਭਾਗ (ਪ੍ਰਿੰਸੀਪਲ ਡਿਪਾਰਟਮੈਂਟ) ਯਾਨੀ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਬਿਨ੍ਹਾਂ ਕਿਸੇ ਫੀਸ ਦੇ ਅਦਾਇਗੀ ਕੀਤੇ ਸਿਰਫ ਇੱਕ ਹੀ ਵਿਭਾਗ ਵਿੱਚ ਇਨਲਿਸਟਮੈਂਟ ਕਰਵਾਉਣਗੀਆਂ ਜੋ ਬਾਕੀ ਸਮੂਹ ਕੰਮ ਦੇਣ ਵਾਲੇ ਵਿਭਾਗਾਂ ਤੇ ਲਾਗੂ ਹੋਵੇਗੀ। ਪਰੰਤੂ ਇਹ ਸਭਾਵਾਂ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਇਨਲਿਸਟਮੈਂਟ ਕਰਵਾਉਂਦੇ ਹੋਏ ਗਰੇਡੇਸ਼ਨ ਸਿੰਚਾਈ ਵਿਭਾਗ ਦੀ ਤਰ੍ਹਾਂ ਕੀਤੀ ਜਾਵੇ ।

ਸੁਰੇਸ਼ ਕੁਮਾਰ,

ਵਿੱਤੀ ਕਮਿਸ਼ਨਰ ਅਤੇ ਸਕੱਤਰ,
ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ।

ਚੰਡੀਗੜ੍ਹ :
ਮਿਤੀ 8 ਜੁਲਾਈ, 2011